ਹਰ ਨਸ਼ੀਲੀ ਚੀਜ਼ ਹਰਾਮ ਹੈ।

ਅਬੁ-ਬੁਰਦਾ ਆਪਣੇ ਪਿਉ ਅਬੁ-ਮੂਸਾ ਅਸ਼ਅਰੀ (ਰਜ਼ੀਅੱਲਾਹੁ ਅਨਹੁ) ਤੋਂ ਰਿਵਾਇਤ ਕਰਦੇ ਹਨ ਕਿ: ਨਬੀ صلى الله عليه وسلم ਨੇ ਉਨ੍ਹਾਂ ਨੂੰ ਯਮਨ ਵੱਲ ਭੇਜਿਆ। ਉਨ੍ਹਾਂ ਨੇ ਆਪ صلى الله عليه وسلم ਤੋਂ ਕੁੱਝ ਪੇਯ (ਪੀਣ ਵਾਲੀ ਚੀਜ਼ਾਂ) ਬਾਰੇ ਪੁੱਛਿਆ ਜੋ ਉੱਥੇ ਬਣਾਈਆਂ ਜਾਂਦੀਆਂ ਸਨ। ਤਾਂ ਨਬੀ صلى الله عليه وسلم ਨੇ ਪੁੱਛਿਆ: ਉਹ ਕੀ ਹਨ? ਉਨ੍ਹਾਂ ਨੇ ਕਿਹਾ: ਬਿਤਅ ਤੇ ਮਿਜ਼ਰ। (ਬਾਅਦ ਵਿੱਚ) ਅਬੁ-ਬੁਰਦਾ ਨੂੰ ਪੁੱਛਿਆ ਗਿਆ: ਬਿਤਅ ਕੀ ਹੈ? ਤਾਂ ਉਨ੍ਹਾਂ ਨੇ ਕਿਹਾ ਕਿ ਇਹ ਸ਼ਹਿਦ ਤੋਂ ਬਣਨ ਵਾਲੀ ਨਬੀਜ਼ (ਸ਼ਰਾਬ) ਹੈ ਅਤੇ ਮਿਜ਼ਰ ਜੌਂ ਤੋਂ ਬਣਨ ਵਾਲੀ ਨਬੀਜ਼ ਹੈ। ਨਬੀ صلى الله عليه وسلم ਨੇ ਫਰਮਾਇਆ: "ਹਰ ਨਸ਼ੀਲੀ ਚੀਜ਼ ਹਰਾਮ ਹੈ।" (ਇਸ ਹਦੀਸ ਨੂੰ ਬੁਖਾਰੀ ਨੇ ਰਿਵਾਇਤ ਕੀਤਾ ਹੈ।) ਇਸ ਹਦੀਸ ਨੂੰ ਈਮਾਮ ਮੁਸਲਿਮ ਨੇ ਵੀ ਰਿਵਾਇਤ ਕੀਤਾ ਹੈ। ਸਹੀ ਮੁਸਲਿਮ ਵਿੱਚ ਸ਼ਬਦ ਇਹ ਹਨ: ਉਨ੍ਹਾਂ (ਅਬੁ-ਮੂਸਾ ਅਸ਼ਰੀ ਰ.) ਨੇ ਕਿਹਾ: ਮੈਨੂੰ ਅਤੇ ਮੂਆਜ਼ ਨੂੰ ਰਸੂਲ صلى الله عليه وسلم ਨੇ ਯਮਨ ਵੱਲ ਭੇਜਿਆ ਤਾਂ ਮੈਂ ਕਿਹਾ: ਹੇ ਅੱਲਾਹ ਦੇ ਰਸੂਲ! ਸਾਡੇ ਇਲਾਕੇ ਵਿੱਚ ਜੌਂ ਤੋਂ ਇੱਕ ਸ਼ਰਾਬ ਬਣਦੀ ਹੈ, ਜਿਸਨੂੰ ਮਿਜ਼ਰ ਕਿਹਾ ਜਾਂਦਾ ਹੈ, ਅਤੇ ਸ਼ਹਿਦ ਤੋਂ ਇੱਕ ਸ਼ਰਾਬ ਬਣਦੀ ਹੈ, ਜਿਸ ਨੂੰ "ਬਿਤਅ" ਕਿਹਾ ਜਾਂਦਾ ਹੈ। ਆਪ صلى الله عليه وسلم ਨੇ ਜਵਾਬ ਦਿੱਤਾ: "ਹਰ ਨਸ਼ੀਲੀ ਚੀਜ਼ ਹਰਾਮ ਹੈ।" ਮੁਸਲਿਮ ਦੀ ਇੱਕ ਰਿਵਾਇਤ ਵਿੱਚ ਹੈ “ਜੋ ਚੀਜ਼ ਨਸ਼ੇ ਵਿੱਚ ਪਾ ਕੇ ਨਮਾਜ਼ ਤੋਂ ਗਾਫਲ (ਬੇਹੋਸ਼) ਕਰ ਦੇਵੇ, ਉਹ ਹਰਾਮ ਹੈ।” ਮੁਸਲਿਮ ਦੀ ਹੀ ਇੱਕ ਹੋਰ ਰਿਵਾਇਤ ਵਿੱਚ ਹੈ: "ਅੱਲਾਹ ਦੇ
ਰਸੂਲ صلى الله عليه وسلم ਨੂੰ ਆਪਣੀ ਗੱਲ ਨੂੰ ਸ਼ੁਰੂ ਤੋਂ ਅੰਤ ਤੱਕ ਸੰਖੇਪ ਤੇ ਵਿਆਪਕ ਸ਼ਬਦਾਂ ਵਿੱਚ ਸਪਸ਼ਟ ਕਰਨ ਦੀ ਯੋਗਤਾ ਬਖਸ਼ੀ ਗਈ ਸੀ। ਸੋ ਨਬੀ صلى الله عليه وسلم ਨੇ ਫਰਮਾਇਆ: “ਮੈਂ ਹਰ ਉਸ ਨਸ਼ੀਲੀ ਚੀਜ਼ ਦੀ ਵਰਤੋਂ ਤੋਂ ਮਨਾਹ ਕਰਦਾ
ਹਾਂ ਜੋ ਨਮਾਜ਼ ਤੋਂ ਗਾਫ਼ਲ (ਬੇਹੋਸ਼) ਕਰ ਦੇਵੇ।” [صحيح] [رواه البخاري ومسلم]

ਅਬੁ-ਮੂਸਾ ਅਸ਼ਅਰੀ (ਰਜ਼ੀਅੱਲਾਹੁ ਅਨਹੁ) ਦੱਸਦੇ ਹਨ ਕਿ ਅੱਲਾਹ ਦੇ ਰਸੂਲ صلى الله عليه وسلم ਨੇ ਉਨ੍ਹਾਂ ਨੂੰ ਯਮਨ ਵੱਲ ਭੇਜਿਆ। ਸੋ ਉਨ੍ਹਾਂ ਨੇ ਉੱਥੇ (ਨਬੀ صلى الله عليه وسلم ਤੋਂ) ਬਣਾਏ ਜਾਣ ਵਾਲੇ ਕੁੱਝ ਪੇਯ ਪਦਾਰਥਾਂ ਬਾਰੇ ਪੁੱਛਿਆ ਕਿ ਉਹ ਹਲਾਲ ਹਨ ਜਾਂ ਹਰਾਮ ਹਨ; ਤਾਂ ਆਪ صلى الله عليه وسلم ਨੇ ਉਨ੍ਹਾਂ ਤੋਂ ਉਹਨਾਂ ਪੇਯਾਂ ਦਾ ਵੇਰਵਾ ਮੰਗਿਆ। ਤਾਂ ਅਬੁ-ਮੂਸਾ ਰਜ਼ੀਅੱਲਾਹੁ ਅਨਹੁ ਨੇ ਦੱਸਿਆ ਕਿ ਉਨ੍ਹਾਂ ਪੇਯ ਪਦਾਰਥਾਂ ਤੋਂ ਮੁਰਾਦ ਬਿਤਅ: ਜੋ ਸ਼ਹਿਦ ਤੋਂ ਬਣੀ ਹੋਈ ਨਬੀਜ਼ (ਸ਼ਰਾਬ) ਹੈ ਅਤੇ ਮਿਜ਼ਰ: ਜੋ ਜੌਂ ਤੋਂ ਬਣੀ ਨਬੀਜ਼ ਹੈ। ਇਸ 'ਤੇ ਅੱਲਾਹ ਦੇ ਰਸੂਲ صلى الله عليه وسلم ਨੇ, ਜਿਨ੍ਹਾਂ ਨੂੰ ਆਪਣੀ ਗੱਲ ਸੰਖੇਪ ਤੇ ਵਿਆਪਕ ਸ਼ਬਦਾਂ ਵਿੱਚ ਸਪਸ਼ਟ ਕਰਨ ਦੀ ਯੋਗਤਾ ਬਖਸ਼ੀ ਗਈ ਸੀ, ਫਰਮਾਇਆ: “ਹਰ ਨਸ਼ੀਲੀ ਚੀਜ਼ ਹਰਾਮ ਹੈ।”

https://sunnah.global/hadeeth/pa/show/66536